# ਸ਼ਬਦਾਂ ਦਾ ਜਾਦੂਗਰ : ਪ੍ਰੋ.ਮਹਿੰਦਰ ਸਿੰਘ ਚੀਮਾ

**ਡਾ.ਸਤਪਾਲ ਸਿੰਘ***

ਪੰਜਾਬ ਦੇ ਅਨੇਕਾਂ ਅਧਿਆਪਕਾਂ ਦੇ ਅਧਿਆਪਕ,ਵਿਦਿਆਰਥੀਆਂ ਅਤੇ ਖੋਜਾਰਥੀਆਂ ਦੇ ਮਾਰਗਦਰਸ਼ਕ ਪ੍ਰੋ.ਮਹਿੰਦਰ ਸਿੰਘ ਚੀਮਾਂ ਸਾਡੇ ਵਿਚਕਾਰ ਨਹੀਂ ਰਹੇ।ਉਨ੍ਹਾਂ ਦੇ ਅਚਾਨਕ ਦਿਹਾਂਤ ਬਾਰੇ ਮਿਲੀ ਖ਼ਬਰ ਮੇਰੇ ਵਰਗੇ ਸੈਂਕੜੇ ਪ੍ਰਸੰਸਕਾਂ ਨੂੰ ਝੰਜੋੜ ਕੇ ਰੱਖ ਗਈ । 15 ਅਗਸਤ 2008, ਆਜ਼ਾਦੀ ਦਿਵਸ ਦੇ ਦਿਨ, ਸਾਵਣ ਦੀ ਠੰਡੀ ਸਵੇਰ ਸਮੇਂ ਪ੍ਰੋ. ਚੀਮਾਂ ਗ਼ਮਾਂ,ਫ਼ਿਕਰਾਂ ਅਤੇ ਚਿੰਤਾਵਾਂ ਭਰੇ ਇਸ ਫ਼ਾਨੀ ਜਗਤ ਨੂੰ ਅਲਵਿਦਾ ਆਖ ਆਪਣੇ ਅਲਬੇਲੇ ਸੁਭਾਅ ਨੂੰ ਰਾਸ ਆਉਣ ਵਾਲੀ ਦੁਨੀਆਂ ਦੇ ਹਮੇਸ਼ਾ ਹਮੇਸ਼ਾ ਲਈ ਵਾਸੀ ਬਣ ਗਏ।

ਪ੍ਰੋ. ਐਮ.ਐੱਸ.ਚੀਮਾ ਉਘੇ ਚਿੰਤਕ,ਸੁਲਝੇ ਹੋਏ ਵਕਤਾ,ਸ਼ਬਦਾਂ ਦੇ ਜਾਦੂਗਰ ਅਤੇ ਇਕ ਮਾਹਿਰ ਭਾਸ਼ਾ ਵਿਗਿਆਨੀ ਵਜੋਂ ਜਾਣੇ ਜਾਂਦੇ ਹਨ।ਭਾਸ਼ਾਵਾਂ ਦੇ ਚਿੰਤਨ ਉਪਰ ਉਹਨਾਂ ਦੀ ਪਕੜ ਏਨੀ ਜ਼ਿਆਦਾ ਮਜਬੂਤ ਸੀ ਕਿ ਉਹ ਕਿਸੇ ਵੀ ਵਿਅਕਤੀ ਨਾਲ ਸਿਰਫ ਇਕ ਮਿੰਟ ਦੀ ਗੱਲਬਾਤ ਤੋਂ ਬਾਅਦ ਦੱਸ ਦਿੰਦੇ ਸਨ ਕਿ ਉਹ ਵਿਅਕਤੀ ਕਿਸ ਇਲਾਕੇ ਦਾ ਜੰਮਪਲ ਜਾਂ ਵਸਨੀਕ ਹੈ।

ਪ੍ਰੋ.ਮਹਿੰਦਰ ਸਿੰਘ ਚੀਮਾ ਦਾ ਜਨਮ 5 ਅਗਸਤ 1930 ਨੂੰ ਜ਼ਿਲ੍ਹਾ ਸਿਆਲਕੋਟ (ਪੱਛਮੀ ਪੰਜਾਬ) ਦੇ ਪਿੰਡ ਸਾਹੋਵਾਲ ਵਿਚ ਸ.ਕਰਤਾਰ ਸਿੰਘ ਦੇ ਘਰ ਹੋਇਆ।ਉਹਨਾਂ ਆਪਣੀ ਉੱਚ-ਸਿੱਖਿਆ ਗੌਰਮਿੰਟ ਕਾਲਜ,ਲਾਹੌਰ ਅਤੇ ਫੇਰ ਆਜ਼ਾਦੀ ਤੋਂ ਬਾਅਦ ਲੁਧਿਆਣਾ ਤੋਂ ਹਾਸਲ ਕੀਤੀ।ਡਾ. ਸ਼ੇਰ ਸਿੰਘ ਦੀ ਪ੍ਰੇਰਣਾ ਨੇ ਵਿਗਿਆਨੀ ਦਿਮਾਗ਼ ਮਹਿੰਦਰ ਸਿੰਘ ਨੂੰ ਸਾਹਿੱਤ ਦੀ ਚੇਟਕ ਲਾਈ।ਜਿਸਦੇ ਸਿੱਟੇ ਵਜੋਂ 1952 ਵਿਚ ਉਨ੍ਹਾਂ ਪੰਜਾਬੀ ਸਾਹਿੱਤ ਵਿਚ ਐੱਮ.ਏ. ਕੀਤੀ ਤੇ ਗੁੜਗਾਵਾਂ ਦੇ ਇਕ ਪ੍ਰਾਈਵੇਟ ਕਾਲਜ ਵਿਚ ਪੜ੍ਹਾਉਣ ਲੱਗ ਪਏ।1954 ਵਿਚ ਉਨ੍ਹਾਂ ਗੌਰਮਿੰਟ ਕਾਲਜ ਮੁਕਤਸਰ ਜੁਆਇਨ ਕਰ ਲਿਆ।31 ਜਨਵਰੀ 1988 ਨੂੰ ਗੌਰਮਿੰਟ ਕਾਲਜ ਲੁਧਿਆਣਾ ਤੋਂ ਆਪਣੀ ਰਿਟਾਇਰਮੈਂਟ ਤਕ ਉਨ੍ਹਾਂ ਗੁਰਦਾਸਪੁਰ,ਰੋਪੜ,ਕਰਮਸਰ(ਰਾੜਾ ਸਾਹਿਬ) ਸਮੇਤ ਅਨੇਕਾਂ ਸਰਕਾਰੀ ਕਾਲਜਾਂ ਵਿਚ ਅਧਿਆਪਨ ਕਾਰਜ ਨਿਭਾਇਆ। ਇਨ੍ਹਾਂ ਕਾਲਜਾਂ ਵਿਚ ਅਧਿਆਪਨ ਦੌਰਾਨ ਉਨ੍ਹਾਂ,ਹਜ਼ਾਰਾਂ ਦੀ ਗਿਣਤੀ ਵਿਚ ਵਿਦਿਆਰਥੀਆਂ ਦਾ ਭਵਿੱਖ ਸਵਾਰਿਆ। ਚਾਹੇ ਉਹ ਪੰਜਾਬੀ ਵਿਸ਼ੇ ਦੇ ਅਧਿਆਪਕ ਸਨ, ਪਰੰਤੂ ਉਨ੍ਹਾਂ ਦੇ ਭਗਤ ਹਰ ਵਿਸ਼ੇ ਨਾਲ ਸੰਬੰਧਤ ਸਨ। ਭਾਸ਼ਣ ਕਲਾ,ਕਵਿਤਾ ਉਚਾਰਣ,ਵਾਦ-ਵਿਵਾਦ,ਮੌਲਿਕ ਲੇਖਣ,ਸੰਪਾਦਨ ਕਲਾ,ਪੱਤਰਕਾਰੀ ਆਦਿ ਹਰ ਵਿਸ਼ੇ ਨਾਲ ਸੰਬੰਧਤ ਜਾਣਕਾਰੀ ਅਤੇ ਤੱਥਾਂ ਦਾ ਕੋਈ ਅਮੁੱਕ ਖ਼ਜ਼ਾਨਾ ਸੀ ਉਨ੍ਹਾਂ ਕੋਲ। ਉਨ੍ਹਾਂ ਦੁਆਰਾ ਪੜ੍ਹਾਏ ਜਾਂ ਗਾਈਡ ਕੀਤੇ ਵਿਦਿਆਰਥੀ ਪੰਜਾਬ ਦੇ ਹਰ ਸ਼ਹਿਰ ਤੇ ਹਰ ਵਿਭਾਗ ਵਿਚ ਤੁਹਾਨੂੰ ਮਿਲਣਗੇ।ਉਹਨਾਂ ਨੂੰ ਜਾਨਣ ਵਾਲਿਆਂ ਦਾ ਵਿਸ਼ਵਾਸ ਹੁੰਦਾ ਸੀ ਕਿ ਜਿਹੜੀ ਜਾਣਕਾਰੀ ਕਿਤੋਂ ਵੀ ਉਪਲਬਧ ਨਹੀਂ,ਉਹ ਚੀਮਾ ਸਾਹਿਬ ਕੋਲੋਂ ਜ਼ਰੂਰ ਮਿਲੇਗੀ।... ...ਤੇ ਸੱਚਮੁੱਚ ਪ੍ਰੋ. ਚੀਮਾਂ ਨੇ ਕਦੀ ਕਿਸੇ ਦਾ ਵਿਸ਼ਵਾਸ ਟੁੱਟਣ ਨਹੀਂ ਸੀ ਦਿੱਤਾ।

ਪ੍ਰੋ.ਚੀਮਾਂ ਨਾਲ ਮੇਰੀ ਪਹਿਲੀ ਮਿਲਣੀ 1982 ਵਿਚ ਹੋਈ, ਜਦੋਂ ਮੈਂ ਉਨ੍ਹਾਂ ਦੇ ਪੰਜਾਬੀ ਵਿਭਾਗ ਵਿਚ ਦਾਖਲਾ ਲਿਆ।ਉਨ੍ਹਾਂ ਦਾ ਹੱਸਮੁਖ ਸੁਭਾਅ,ਭਾਸ਼ਣ ਕਲਾ ਦੀ ਮੁਹਾਰਤ,ਕਲਾਸ-ਰੂਮ ਅਧਿਆਪਨ ਦੇ ਨਾਲ ਨਾਲ ਗ਼ੈਰ-ਰਸਮੀ ਤਰੀਕਿਆਂ ਦੀ ਵਰਤੋ,ਦੋਸਤਾਨਾ ਅੰਦਾਜ਼ ਅਤੇ ਹਰ ਦੰਮ ਤਿਆਰ-ਬਰ-ਤਿਆਰ ਸ਼ਖ਼ਸੀਅਤ ਮੈਨੂੰ ਉਨ੍ਹਾਂ ਦਾ ਸ਼ਰਧਾਲੂ ਬਣਾ ਗਈ।ਮੈਂ ਉਨ੍ਹਾਂ ਨੂੰ ਜਦੋਂ ਵੀ ਦੇਖਿਆ ਹਮੇਸ਼ਾ ਚੜ੍ਹਦੀ ਕਲਾ ਵਿਚ ਜੋਸ਼ ਨਾਲ ਭਰਪੂਰ ਦੇਖਿਆ। 1992 ਵਿਚ ਆਪਣੀ ਪਤਨੀ ਸਰਦਾਰਨੀ ਗੁਰਸਰਨ ਕੌਰ ਦੀ ਮੌਤ ਤੋਂ ਬਾਅਦ ਮੈਂ ਉਨ੍ਹਾਂ ਵਿਚ ਅਚਾਨਕ ਇਕ ਵੱਡੀ ਤਬਦੀਲੀ ਆਈ ਦੇਖੀ। ਮੈਨੂੰ ਲੱਗਿਆ ਜਿਵੇਂ ਚਾਣਚੱਕ ਹੀ ਉਨ੍ਹਾਂ ਨੂੰ ਬੁਢਾਪੇ ਨੇ ਆ ਘੇਰਿਆ ਹੋਵੇ।ਉਹ ਥੱਕੇ ਥੱਕੇ ਅਤੇ ਨਿਢਾਲ ਜਿਹੇ ਰਹਿਣ ਲੱਗੇ।ਮਗਰ,ਛੇਤੀ ਹੀ ਉਨ੍ਹਾਂ ਖ਼ੁਦ ਨੂੰ ਸੰਭਾਲ ਲਿਆ।ਉਹ ਹੋਰ ਜ਼ੋਰ ਨਾਲ ਸਮਾਜਕ ਕਾਰਜਾਂ,ਸਾਹਿਤਕ ਗਤੀਵਿਧੀਆਂ,ਆਪਣੇ ਦੋਸਤਾਂ ਦੀ ਦੋਸਤੀ ਅਤੇ ਵਿਦਿਆਰਥੀਆਂ ਦੀ ਰਾਹ-ਨੁਮਾਈ ਕਰਨ ਵਿਚ ਜੁਟ ਗਏ।

ਪ੍ਰੋ.ਚੀਮਾਂ ਬੜੀ ਪਾਰਖੂ ਨਜ਼ਰ ਦੇ ਮਾਲਕ ਸਨ।ਉਨ੍ਹਾਂ ਦੀ ਨਜ਼ਰ ਜਿਸ ਵੀ ਨਜ਼ਾਰੇ ਨੂੰ ਘੋਖਦੀ ਸੀ,ਉਹੀ ਨਜ਼ਾਰਾ ਉਨ੍ਹਾਂ ਦੇ ਵਿਸ਼ਾਲ ਨਜ਼ੱਰੀਏ ਦਾ ਅਭਿੰਨ ਹਿੱਸਾ ਬਣ ਜਾਂਦਾ ਸੀ।ਬੰਦੇ ਨੂੰ ਸਮਝਣ ਅਤੇ ਪਰਖਣ ਵਿਚ ਵਿਚ ਉਹ ਕਦੇ ਧੋਖਾ ਨਹੀਂ ਸਨ ਖਾਂਦੇ।ਮਾਨਸਰੋਵਰ ਦੇ ਹੰਸ ਵਾਂਗ ਉਨ੍ਹਾਂ ਦੀ ਨਜ਼ਰ ਸਿਰਫ਼ ਮੋਤੀ ਹੀ ਚੁਣਦੀ ਸੀ।ਇਹੀ ਕਾਰਣ ਹੈ ਕਿ ਉਨ੍ਹਾਂ ਦੀ ਦੋਸਤੀ ਵੀ ਖ਼ਾਸ ਲੋਕਾਂ ਨਾਲ ਰਹਿੰਦੀ ਸੀ ਜਿਹੜੇ ਸੁੱਚੇ ਮੋਤੀਆਂ ਵਾਂਗ ਆਪਣੀ ਆਬ ਬਚਾਕੇ ਰੱਖ ਸਕਣ।ਹਰ ਬੰਦਾ ਨਾਂ ਤਾਂ ਉਹਨਾਂ ਦੇ ਦਿਲ ਨੂੰ ਭਾ ਸਕਦਾ ਸੀ ਅਤੇ ਨਾਂ ਹੀ ਟੁਣਕਾ ਸਕਦਾ ਸੀ।ਉਹਨਾਂ ਦੇ ਦਿਲ ਦੇ ਦਰਵਾਜ਼ੇ ਪਾਰ ਕਰਕੇ,ਪਹੁੰਚਣ ਵਾਲੇ ਦੋਸਤਾਂ ਦੀ ਗਿਣਤੀ ਬਹੁਤ ਘੱਟ ਸੀ। ਆਮ ਲੋਕਾਂ ਕੋਲੋਂ ਤਾਂ ਉਹ ਕਦੇ ਪਾਣੀ ਅਤੇ ਕਦੇ 'ਵਾ ਬਣਕੇ ਹੀ ਲੰਘ ਜਾਂਦੇ ਸਨ।

ਪ੍ਰੋ.ਚੀਮਾਂ ਸੁਹਜ ਅਤੇ ਸੁੰਦਰਤਾ ਦੇ ਸ਼ੈਦਾਈ ਸਨ।ਇਹ ਦੋਵੇਂ ਗੁਣ ਉਨ੍ਹਾਂ ਦੀ ਰਗ਼-ਰਗ਼ ਵਿਚ ਵਸੇ ਹੋਏ ਸਨ।ਉਹਨਾਂ ਦੁਆਰਾ ਕੀਤੇ ਹਰ ਕੰਮ ਵਿਚੋਂ ਉਨ੍ਹਾਂ ਦੀ ਸੁਹਜ-ਦ੍ਰਿਸ਼ਟੀ ਤੇ ਸ਼ਖ਼ਸੀਅਤ ਹਰ ਦਮ ਝਲਕਾਰੇ ਮਾਰਦੀ

ਸੀ।ਉਹ ਅਕਸਰ ਕਿਹਾ ਕਰਦੇ ਸਨ ਕਿ ਤੁਹਾਡੀ ਜੁੱਤੀ,ਪੌਸ਼ਾਕ,ਗੱਲਬਾਤ ਦਾ ਅੰਦਾਜ਼,ਲਿਖਣ-ਢੰਗ ਅਤੇ ਵਰਤੀ ਗਈ ਸਟੇਸ਼ਨਰੀ ਦੂਸਰੇ ਤਕ ਪਹੁੰਚ ਕੇ ਤੁਹਾਡੀ ਸੋਚ ਅਤੇ ਸ਼ਖ਼ਸੀਅਤ ਨੂੰ ਪ੍ਰਗਟਾਉਂਦੀ ਹੈ,ਇਸਲਈ ਇਸ ਮਾਮਲੇ 'ਚ ਕਦੇ ਅਣਗਹਿਲੀ ਨਾਂ ਵਰਤੋ।ਇਸ ਤੋਂ ਇਲਾਵਾ ਉਹ ਵਧੀਆ ਪੁਸਤਕਾਂ ਪੜ੍ਹਨ,ਉੱਚ ਕੋਟੀ ਦਾ ਸੰਗੀਤ ਸੁਣਨ ਵਿਚ ਵੀ ਬੇ-ਇੰਤਹਾ ਰੁਚੀ ਰੱਖਦੇ ਸਨ।ਉਨ੍ਹਾਂ ਦੀ ਨਿੱਜੀ ਲਾਇਬ੍ਰੇਰੀ ਵਿਚ ਉੱਚ ਕੋਟੀ ਦੀਆਂ ਪੁਸਤਕਾਂ ਅਤੇ ਦੁਰਲੱਭ ਗਾਇਕਾਂ ਦੀਆਂ ਕੈਸਟਾਂ ਦੀ ਭਾਰਮਾਰ ਰਹਿੰਦੀ ਸੀ।

ਪ੍ਰੋ. ਚੀਮਾਂ ਦਾ ਲਾਹੌਰ ਅਤੇ ਲੁਧਿਆਣੇ ਨਾਲ ਅੰਤਾਂ ਦਾ ਮੋਹ ਰਿਹਾ ਹੈ। ਆਪਣੀ ਜਨਮਭੂਮੀ ਤੋਂ ਬਾਅਦ ਉਹਨਾਂ ਇਹਨਾਂ ਦੋਵੇਂ ਹੀ ਸ਼ਹਿਰਾਂ ਨੂੰ ਅੰਤਾਂ ਦਾ ਪਿਆਰ ਕੀਤਾ।ਉਹ ਲਾਹੌਰ ਅਤੇ ਲੁਧਿਆਣੇ ਦੀ ਇਕ ਇਕ ਇੱਟ ਤੋਂ ਜਾਣੂ ਸਨ।ਇਨ੍ਹਾਂ ਦੋਹਾਂ ਸ਼ਹਿਰਾਂ ਦੇ ਇਤਿਹਾਸ,ਭੂਗੋਲ,ਸਭਿਆਚਾਰ ਅਤੇ ਸੰਸਕ੍ਰਿਤੀ ਨੇ ਉਨ੍ਹਾਂ ਦੇ ਮਨ ਵਿਚ ਡੂੰਘੀ ਥਾਂ ਬਣਾਈ ਹੋਈ ਸੀ।ਲੁਧਿਆਣਾ ਉਨ੍ਹਾਂ ਲਈ ਜਿੱਥੇ ਲੰਮੇ ਸਮੇਂ ਲਈ ਕਰਮਭੂਮੀ ਬਣ ਪਿਆਰ ਰੁੱਖ ਦੀਆਂ ਟਾਹਣੀਆਂ ਬਣਿਆ ਰਿਹਾ, ਉੱਥੇ ਲਾਹੌਰ ਜੜ੍ਹ ਬਣ ਉਨ੍ਹਾਂ ਨੂੰ ਆਪਣੀ ਜਨਮ-ਭੂਮੀ ਨਾਲ ਜੋੜਨ ਦਾ ਵਸੀਲਾ ਬਣਿਆ ਰਿਹਾ।ਉਹ ਆਪਣੀ ਮਿੱਟੀ ਨਾਲ ਸਦਾ ਜੁੜੇ ਰਹਿਣਾ ਚਾਹੁੰਦੇ ਸਨ। ਇਹੀ ਕਾਰਣ ਹੈ ਕਿ ਜਦੋਂ ਵੀ ਕਦੇ ਉਨ੍ਹਾਂ ਨੂੰ ਲਾਹੌਰ ਵਿਚ ਕਿਸੇ ਸਮਾਗਮ ਵਿਚ ਸ਼ਾਮਲ ਹੋਣ ਦਾ ਸੱਦਾ ਮਿਲਿਆ,ਉਨ੍ਹਾਂ ਚਾਈਂ ਚਾਈਂ ਉਸਨੂੰ ਸਵੀਕਾਰ ਕੀਤਾ। 2006 ਵਿਚ ਜਦ ਉਹ ਸਿਟੀਜ਼ਨ ਕੌਂਸਲ ਲਾਹੌਰ ਦੇ ਸੱਦੇ 'ਤੇ ਜਗਦੇਵ ਸਿੰਘ ਜੱਸੋਵਾਲ ਨਾਲ ਲਾਹੌਰ ਗਏ,ਉਸ ਸਮੇਂ ਵੀ ਉਨ੍ਹਾਂ ਸਭ ਤੋਂ ਪਹਿਲਾਂ ਆਪਣੇ ਪਿੰਡ ਸਾਹੋਵਾਲ ਦੀ ਜ਼ਿਆਰਤ ਕੀਤੀ।

ਫਰਵਰੀ 2008 ਵਿਚ ਆਪਣੀ ਬੀਮਾਰੀ ਦਾ ਇਲਾਜ਼ ਕਰਵਾਉਣ ਲਈ ਪ੍ਰੋ.ਚੀਮਾਂ ਆਪਣੇ ਸਪੁੱਤਰ ਸ.ਰਵਿੰਦਰ ਸਿੰਘ ਚੀਮਾਂ ਕੋਲ ਪੂਨੇ ਚਲੇ ਗਏ।ਉਥੇ ਮੰਗੇਸ਼ਕਰ ਹਸਪਤਾਲ ਵਿਚ ਦੋ ਮਹੀਨੇ ਚੱਲੇ ਇਲਾਜ਼ ਤੋਂ ਠੀਕ ਹੋ ਉਨ੍ਹਾਂ ਵਿਸਾਖੀ ਆਪਣੇ ਸ਼ਹਿਰ ਲੁਧਿਆਣੇ ਵਿਚ ਮਨਾਉਣੀ ਪਸੰਦ ਕੀਤੀ।ਜੁਲਾਈ 2008 ਵਿਚ ਦੁਬਾਰਾ ਬੀਮਾਰ ਪੈਣ 'ਤੇ ਉਨ੍ਹਾਂ ਦਾ ਮਨ ਆਪਣੀ ਜਨਮ ਭੂਮੀ ਪ੍ਰਤੀ ਉਦਰੇਵੇਂ ਨਾਲ ਫੇਰ ਤੋਂ ਭਰ ਉੱਠਿਆ।ਉਨ੍ਹਾਂ ਆਪਣੇ ਬੇਟੇ ਨੂੰ ਬੁਲਾ ਆਪਣੇ ਪਿੰਡ ਅਤੇ ਸਿਆਲਕੋਟ ਬਾਰੇ ਜਿੰਨੀਆਂ ਕਿਤਾਬਾਂ ਮਿਲ ਸਕਣ,ਲਿਆਉਣ ਦੀ ਤਾਕੀਦ ਕੀਤੀ।ਆਪਣੇ ਇਲਾਕੇ ਬਾਰੇ ਉਪਲਬਧ ਹੋ ਸੱਕੀਆਂ ਤਿੰਨਾਂ ਕਿਤਾਬਾਂ ਦਾ ਉਨ੍ਹਾਂ ਬੜੀ ਅਕੀਦਤ ਭਰੀ ਸ਼ਰਧਾ ਨਾਲ ਪਾਠ ਕੀਤਾ।ਭਾਵੇਂ ਚੀਮਾ ਸਾਹਿਬ ਤੋਂ ਬਿਸਤਰੇ ਤੋਂ ਉਠਕੇ ਬੈਠਣਾ ਉਹਨਾਂ ਦਿਨਾਂ ਵਿਚ ਸੰਭਵ ਨਹੀਂ ਸੀ, ਫੇਰ ਵੀ ਉਨ੍ਹਾਂ ਆਪਣੇ ਬੇਟੇ ਨੂੰ 'ਗੂਗਲ-ਅਰਥ' ਰਾਹੀਂ ਆਪਣਾ ਪਿੰਡ ਸਾਹੋਵਾਲ ਦਿਖਾਉਣ ਦੀ ਫ਼ਰਮਾਇਸ਼ ਕੀਤੀ।

ਪ੍ਰੋ.ਐੱਮ.ਐੱਸ.ਚੀਮਾਂ ਆਪਣੇ ਜੀਵਨ ਕਾਲ ਵਿਚ ਵੱਖ ਵੱਖ ਸਾਹਿਤਕ,ਸਭਿਆਚਾਰਕ ਅਤੇ ਅਕਾਦਮਿਕ ਸੰਸਥਾਵਾਂ ਨਾਲ ਜੁੜੇ ਰਹੇ।ਪੰਜਾਬੀ ਸਾਹਿਤ ਅਕਾਦਮੀ ਦੇ ਉਹ ਫ਼ਾਊਂਡਰ ਮੈਂਬਰ ਅਤੇ ਲੰਮੇ ਸਮੇਂ ਤਕ ਜਨਰਲ ਸਕੱਤਰ ਰਹੇ।ਪ੍ਰੋ.ਮੋਹਨ ਸਿੰਘ ਫਾਊਂਡੇਸ਼ਨ ਦੇ ਸੀਨੀਅਰ ਉਪ ਪ੍ਰਧਾਨ,ਮਾਲਵਾ ਸਭਿਆਚਾਰਕ ਮੰਚ ਦੇ ਮੁੱਖ ਸਰਪ੍ਰਸਤ,ਕਲਾ-ਦਰਪਣ ਦੇ ਮੁੱਖ-ਸਲਾਹਕਾਰ,ਅਤੇ ਅਦੀਬ ਇੰਟਰਨੈਸ਼ਨਲ ਦੇ ਉਪ-ਪ੍ਰਧਾਨ ਰਹੇ।ਉਹ ਕਾਫੀ ਸਮੇਂ ਤੋਂ ਗੌਰਮਿੰਟ ਕਾਲਜ ਰਿਟਾਇਰਡ ਟੀਚਰਜ਼ ਐਸੋਸੀਏਸ਼ਨ ਦੇ ਪ੍ਰਧਾਨ ਵਜੋਂ ਸੇਵਾ ਨਿਭਾ ਰਹੇ ਸਨ।ਇਸ ਦੇ ਨਾਲ ਨਾਲ ਉਹ ਕਾਮਰੇਡ ਤੇਜਾ ਸਿੰਘ ਸਵਤੰਤਰ ਯਾਦਗਾਰੀ ਵਿਦਿਅਕ ਸੰਸਥਾਵਾਂ ਦੇ ਚੇਅਰਮੈਨ ਵੀ ਸਨ।ਉਪਰੋਕਤ ਤੋਂ ਇਲਾਵਾ ਉਹ ਅਨੇਕਾਂ ਹੋਰ ਵੀ ਸੰਸਥਾਵਾਂ ਨਾਲ ਜੁੜਕੇ ਆਪਣਾ ਯੋਗਦਾਨ ਪਾਉਂਦੇ ਰਹੇ।

ਲੁਧਿਆਣਾ ਸ਼ਹਿਰ ਦੇ ਹਰ ਆਯੋਜਨ, ਹਰ ਇਕੱਠ ਤੇ ਹਰ ਮਹਿਫਲ ਵਿਚ ਜਦੋਂ ਜਦੋਂ ਵੀ ਸ਼ਾਇਰ,ਲੇਖਕ,ਵਿਦਵਾਨ ਬੁੱਧੀਜੀਵੀ ਅਤੇ ਅਧਿਆਪਕ ਵਰਗ ਨਾਲ ਜੁੜੇ ਉਨ੍ਹਾਂ ਦੇ ਦੋਸਤ ਅਤੇ ਚਾਹੁਣ ਵਾਲੇ ਮਿਲ ਬੈਠਣਗੇ, ਲਫ਼ਜ਼ਾਂ ਦੇ ਜਾਦੂਗਰ ਪ੍ਰੋ.ਮਹਿੰਦਰ ਸਿੰਘ ਚੀਮਾ ਦੀ ਯਾਦ ਅਤੇ ਜ਼ਿਕਰ ਜ਼ਰੂਰ ਆਵੇਗਾ।

*ਸੀਨੀਅਰ ਲੈਕਚਰਾਰ ਪੰਜਾਬੀ ਵਿਭਾਗ,ਆਰੀਆ ਕਾਲਜ,ਲੁਧਿਆਣਾ-141 001*

*Email : prof.spsingh@ymail.com*

*****